AUSTRALIAN COMPETITION & CONSUMER COMMISSION

# COVID-19 (ਕਰੋਨਾਵਾਇਰਸ) ਖਪਤਕਾਰਾਂ ਲਈ ਜਾਣਕਾਰੀ

ਜੂਨ 2020

COVID-19 (ਕੋਵਿਡ-19) ਪਾਬੰਦੀਆਂ ਨੇ ਬਹੁਤ ਸਾਰੇ ਆਸਟਰੇਲੀਆਈ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ। ਕਾਰੋਬਾਰਾਂ ਨੂੰ ਬੁਕਿੰਗਾਂ ਨੂੰ ਰੱਦ ਕਰਨਾ ਪਿਆ ਹੈ ਅਤੇ ਕੀਤੇ ਵਾਅਦਿਆਂ ਮੁਤਾਬਕ ਕੁਝ ਵਸਤਾਂ ਜਾਂ ਸੇਵਾਵਾਂ ਪੂਰੀ ਤਰ੍ਹਾਂ ਪ੍ਰਦਾਨ ਕਰਨ ਵਿੱਚ ਉਹ ਅਸਮਰਥ ਰਹੇ ਹਨ। ਜੇ ਤੁਸੀਂ ਪ੍ਰਭਾਵਿਤ ਹੋਏ ਹੋ, ਤਾਂ ਆਂਪਣੇ ਅਧਿਕਾਰਾਂ ਨੂੰ ਅਤੇ ਕਾਰੋਬਾਰਾਂ ਤੋਂ ਤੁਸੀਂ ਕੀ ਉਮੀਦ ਰੱਖ ਸੱਕਦੇ ਹੋ ਬਾਰੇ ਜਾਣਨਾ ਇਸ ਮੁਸ਼ਕਲ ਸਮੇਂ ਨੂੰ ਪਾਰ ਕਰਨ ਵਿੱਚ ਤੁਹਾਡੀ ਮਦਦ ਕਰ ਸੱਕਦਾ ਹੈ।

## ਇਸ ਮੁਸ਼ਕਲ ਸਮੇਂ ਦੌਰਾਨ ਮੇਰੇ ਕੀ ਹੱਕ ਹਨ?

- ਇਸ ਮਿਆਦ ਦੇ ਦੌਰਾਨ, ਅਸੀਂ ਉਮੀਦ ਕਰਦੇ ਹਾਂ ਕਿ ਕਾਰੋਬਾਰੀ ਇਨ੍ਹਾਂ ਸਥਿਤੀਆਂ ਵਿੱਚ ਖਪਤਕਾਰਾਂ ਨਾਲ ਉਚਿਤ ਵਰਤਾਓ ਕਰਨਗੇ ਅਤੇ ਇਸ ਦੇ ਸੁਧਾਰ ਲਈ ਕਈ ਵਿਕਲਪਾਂ 'ਤੇ ਵਿਚਾਰ ਕਰਨਗੇ। ਜੇ ਉਤਪਾਦਾਂ ਜਾਂ ਸੇਵਾਵਾਂ 'ਤੇ ਪ੍ਰਭਾਵ ਪਿਆ ਹੈ ਤਾਂ ਕਾਰੋਬਾਰਾਂ ਨੂੰ ਤੁਹਾਡੇ ਨਾਲ ਕਿਰਿਆਸ਼ੀਲ ਤੌਰ 'ਤੇ ਸੰਚਾਰ ਕਰਨਾ ਚਾਹੀਦਾ ਹੈ।
- ਖਪਤਕਾਰਾਂ ਦੀਆਂ ਗਰੰਟੀਆਂ ਦਾ ਆਸਟਰੇਲੀਆਈ ਉਪਭੋਗਤਾ ਕਾਨੂੰਨਾਂ ਵਿੱਚ ਇਹ ਮਤਲਬ ਹੁੰਦਾ ਹੈ ਕਿ ਜਦੋਂ ਤੁਸੀਂ ਉਤਪਾਦ ਜਾਂ ਸੇਵਾਵਾਂ ਖਰੀਦਦੇ ਹੋ, ਉਹ ਆਟੋਮੈਟਿਕ ਗਰੰਟੀ ਦੇ ਨਾਲ ਆਉਂਦੀਆਂ ਹਨ ਕਿ ਉਹ ਕੰਮ ਕਰਨਗੀਆਂ ਅਤੇ ਉਹ ਤੁਹਾਡੀ ਇੱਛਾ ਮੁਤਾਬਕ ਉਹੀਓ ਕਰਨਗੀਆਂ ਜੋ ਤੁਸੀਂ ਚਾਹਿਆ ਹੈ। ਜੇ ਇਹ ਨਾ ਹੋਵੇ ਤਾਂ, ਉਪਚਾਰਾਂ ਵਿੱਚ ਰੀਫੰਡ (ਰਕਮ ਦੀ ਵਾਪਸੀ) ਕਰੈਡਿੱਟ ਨੋਟ ਜਾਂ ਵਾਊਚਰ ਸ਼ਾਮਲ ਹੋ ਸੱਕਦੇ ਹਨ।
- ਜੇ ਕੈਨਸਲੇਸ਼ਨ ਹੋਣ ਦੀਆਂ ਸਥਿਤੀਆਂ ਸਰਕਾਰੀ ਪਾਬੰਦੀਆਂ ਕਾਰਨ ਹੋਈਆਂ ਹਨ, ਤਾਂ ਇਹ ਖਪਤਕਾਰਾਂ ਦੀਆਂ ਗਰੰਟੀਆਂ ਦੇ ਤਹਿਤ ਤੁਹਾਡੇ ਅਧਿਕਾਰਾਂ ਨੂੰ ਸੀਮਤ ਕਰ ਸੱਕਦੀਆਂ ਹਨ।
- ਬੁਕਿੰਗ ਜਾਂ ਖਰੀਦਾਰੀ ਦੇ ਸਮੇਂ ਲਾਗੂ ਹੋਣ ਵਾਲੇ ਨਿਯਮ ਅਤੇ ਸ਼ਰਤਾਂ ਲਾਗੂ ਹੁੰਦੀਆਂ ਰਹਿਣਗੀਆਂ। ਕਾਰੋਬਾਰਾਂ ਨੂੰ ਬਾਅਦ ਵਿੱਚ ਇਨ੍ਹਾਂ ਸ਼ਰਤਾਂ ਨੂੰ ਬਦਲਣ ਜਾਂ ਤੁਹਾਡੇ ਹੱਕਾਂ ਨੂੰ ਇਨਕਾਰ ਕਰਨ ਦੀ ਆਗਿਆ ਨਹੀਂ ਹੈ।
- ਤੁਹਾਡੀਆਂ ਸਥਿਤੀਆਂ ਦੇ ਅਧਾਰ 'ਤੇ, ਤੁਹਾਨੂੰ ਆਮ ਕਾਨੂੰਨ (common law), ਇਕਰਾਰਨਾਮਾ ਜਾਂ ਰਾਜ ਦੇ ਕਾਨੂੰਨ ਅਧੀਨ ਹੋਰ ਅਧੀਕਾਰ ਹੋ ਸੱਕਦੇ ਹਨ। ਸਲਾਹ ਲਈ ਆਪਣੀ ਸਥਾਨਕ ਖਪਤਕਾਰ ਸੁਰੱਖਿਆ ਏਜੰਸੀ www.accc.gov.au/localCPA ਨਾਲ ਸੰਪਰਕ ਕਰੋ।

## ਨਾਕਾਰਣ ਲਈ (Cancellations)

- ਜੇ ਤੁਹਾਡੀ ਬੁਕਿੰਗ (ਉਦਾਹਰਣ ਵਜੋਂ, ਯਾਤਰਾ, ਵਿਆਹ ਜਾਂ ਕੋਈ ਖਾਸ ਘਟਨਾ) COVID-19 ਦੀਆਂ ਪਾਬੰਦੀਆਂ ਕਾਰਨ ਰੱਦ ਹੋਈ ਹੈ, ਤਾਂ ACCC ਨੂੰ ਉਮੀਦ ਹੈ ਕਿ ਤੁਹਾਨੂੰ ਰੀਫੰਡ, ਕਰੈਡਿੱਟ ਨੋਟ ਜਾਂ ਵਾਊਚਰ ਮਿਲੇਗਾ। ਇਹ ਖਰੀਦਾਰੀ ਦੇ ਸਮੇਂ ਤੁਹਾਡੀ ਬੁਕਿੰਗ ਦੇ ਨਿਯਮਾਂ ਅਤੇ ਸ਼ਰਤਾਂ 'ਤੇ ਨਿਰਭਰ ਹੋਵਗਾ।
- ਜੇ ਤੁਹਾਡੇ ਕੋਲ ਹੋਰ ਖਰਚੇ ਹਨ (ਉਦਾਹਰਣ ਵਜੋਂ ਰਿਹਾਇਸ਼, ਫੋਟੋਗ੍ਰਾਫਰ, ਫਲੋਰਿਸਟ) ਜਿਸ ਦੀ ਤੁਹਾਨੂੰ ਹੁਣ ਆਪਣੀ ਬੁਕਿੰਗ ਰੱਦ ਹੋਣ ਕਾਰਨ ਜ਼ਰੂਰਤ ਨਹੀਂ ਹੈ, ਤਾਂ ਤੁਹਾਨੂੰ ਉਸ ਸੇਵਾ ਪ੍ਰਦਾਤਾ ਨਾਲ ਸੰਪਰਕ ਕਰਨਾ ਚਾਹੀਦਾ ਹੈ ਕਿ ਉਹ ਰੀਫੰਡ, ਕੋਈ ਹੋਰ ਬਦਲੀ ਸੇਵਾ ਜਾਂ ਵਾਊਚਰ ਦੀ ਪੇਸ਼ਕਸ਼ ਕਰਨ ਲਈ ਤਿਆਰ ਹੈ ਜਾਂ ਨਹੀਂ।
- ਜੇ ਤੁਹਾਡੀ ਰੱਦ ਕੀਤੀ ਗਈ ਬੁਕਿੰਗ ਕਿਸੇ ਤੀਜੀ-ਧਿਰ ਦੀ ਬੁਕਿੰਗ ਸਾਈਟ ਦੁਆਰਾ ਕੀਤੀ ਗਈ ਸੀ, ਤਾਂ ਤੁਹਾਨੂੰ ਸਿੱਧੇ ਤੌਰ 'ਤੇ ਉਸ ਤੀਜੀ-ਧਿਰ ਦੀ ਬੁਕਿੰਗ ਸਾਈਟ ਤੋਂ ਕੋਈ ਉਪਾਅ ਲੈਣ ਦੀ ਜ਼ਰੂਰਤ ਹੋਵੇਗੀ, ਕਿਉਂਕਿ ਇਹ ਉਹ ਕਾਰੋਬਾਰ ਹਨ ਜਿਸ ਤੋਂ ਤੁਸੀਂ ਆਪਣੀ ਖਰੀਦ ਕੀਤੀ ਸੀ।
- ਤੁਸੀਂ ਇਹ ਵੀ ਵੇਖ ਸੱਕਦੇ ਹੋ ਕਿ ਕੀ ਤੁਸੀਂ ਕਿਸੇ ਯਾਤਰਾ ਬੀਮਾ ਪਾਲਿਸੀ ਦੇ ਤਹਿਤ ਯਾਤਰਾ ਰੱਦ ਕੀਤੀ ਜਾਣ 'ਤੇ ਪਹੁੰਚਯੋਗ ਹੋ।

## ਸਪੋਰਟਿੰਗ ਕਲੱਬਾਂ ਜਾਂ ਸੰਘ ਦੀ ਰਜਿਸਟ੍ਰੇਸ਼ਨ ਅਤੇ ਮੈਂਬਰਸ਼ਿਪ ਫੀਸ

- ਜੇ ਤੁਸੀਂ ਕਿਸੇ ਸਮੇਂ (season) ਲਈ ਪਹਿਲਾਂ ਹੀ ਅਦਾਇਗੀ ਕਰ ਦਿੱਤੀ ਸੀ ਪਰ ਉਹ ਮੁਅਤਲ ਜਾਂ ਰੱਦ ਕੀਤੀ ਗਈ ਹੈ, ਤਾਂ ਸ਼ਾਇਦ ਤੁਸੀਂ ਰੀਫੰਡ ਲਈ ਹੱਕਦਾਰ ਨਾ ਹੋ ਜੇ ਉਨ੍ਹਾਂ ਗਤੀਵਿਧੀਆਂ ਨੂੰ ਸਰਕਾਰੀ ਪਾਬੰਦੀਆਂ ਕਾਰਨ ਮੁਅਤਲ ਕੀਤਾ ਗਿਆ ਹੋਵੇ।
- ACCC ਨੂੰ ਉਮੀਦ ਹੈ ਕਿ ਤੁਹਾਨੂੰ ਉਸ ਸਮੇਂ ਲਈ ਰੀਫੰਡ, ਕਰੈਡਿਟ ਨੋਟ ਜਾਂ ਵਾਊਚਰ ਦੀ ਪੇਸ਼ਕਸ਼ ਕੀਤੀ ਜਾਵੇਗੀ ਜੋ 2020 ਦੇ ਸਮੇਂ ਦੌਰਾਨ ਮੁਅਤਲ ਕਰ ਦਿੱਤਾ ਗਿਆ ਸੀ। ਇਹ ਤੁਹਾਡੀ ਮੈਂਬਰਸ਼ਿਪ ਦੇ ਨਿਯਮਾਂ ਸ਼ਰਤਾਂ ‘ਤੇ ਨਿਰਭਰ ਕਰੇਗਾ।
- ਸੇਵਾਵਾਂ ਬੰਦ ਹੋ ਜਾਣ ‘ਤੇ ਤੁਹਾਨੂੰ ਕਿਸ਼ਤਾਂ ਜਾਂ ਮੈਂਬਰੀ ਫੀਸਾਂ ਭੁਗਤਾਨ ਦੀ ਜ਼ਰੂਰਤ ਨਹੀਂ ਹੈ। ਇਸ ਦੇ ਉਲਟ ਤੁਸੀਂ ਬੇਨਤੀ ਕਰ ਸੱਕਦੇ ਹੋ ਕਿ ਤੁਹਾਡੀਆਂ ਨਿਯਮਤ ਭੁਗਤਾਨਾਂ ਨੂੰ ਆਉਣ ਵਾਲੇ ਸਮੇਂ ਲਈ  ਕਰੈਡਿਟ ਕਰ ਦਿੱਤਾ ਜਾਵੇ।

## ਦੂਰ-ਸੰਚਾਰ (Telecommunications) ਸੇਵਾਵਾਂ

- COVID-19 ਦੇ ਕਾਰਨ ਬਹੁਤ ਸਾਰੇ ਲੋਕਾਂ ਦੇ ਘਰ ਤੋਂ ਕੰਮ ਕਰਨ ਅਤੇ ਪੜ੍ਹਨ ਕਰਕੇ ਇੰਟਰਨੈਟ ਸੇਵਾਵਾਂ ‘ਤੇ ਕੁੱਝ ਪ੍ਰਭਾਵ ਪਿਆ ਹੈ।
- ਤੁਹਾਡੇ ਘਰ ਦੀ ਇੰਟਰਨੈਟ ਸੇਵਾ ਦੀ ਕਾਰੁਗਜ਼ਾਰੀ ਨੂੰ ਵੱਧ ਤੋਂ ਵੱਧ ਕਰਨ ਲਈ www.accc.gov.au/homebroadband ਤੁਸੀਂ ਕੁੱਝ ਕਦਮ ਚੁੱਕ ਸੱਕਦੇ ਹੋ। ਜੇ ਤੁਹਾਨੂੰ ਆਪਣੀ ਇੰਟਰਨੈਟ ਸੇਵਾ ਨਾਲ ਕੋਈ ਮੁਸ਼ਕਲਾਂ ਹਨ, ਤਾਂ ਤੁਹਾਨੂੰ ਆਪਣੀ ਇੰਟਰਨੈਟ ਸੇਵਾ ਨਾਲ ਸੰਪਰਕ ਕਰਨਾ ਚਾਹੀਦਾ ਹੈ।
- ਜੇ ਤੁਸੀਂ ਆਪਣੀ ਵਿੱਤੀ ਸਥਿਤੀ ਵਿੱਚ ਤਬਦੀਲੀਆਂ ਕਾਰਨ ਬਿਲ ਭੁਗਤਾਨਾਂ ਨਾਲ ਜੂਝ ਰਹੇ ਹੋ, ਤਾਂ ਕੁੱਝ ਪ੍ਰਦਾਤੇ ਵਿੱਤੀ ਤੰਗੀ ਸਹਾਇਤਾ ਪ੍ਰੋਗਰਾਮ ਪੇਸ਼ ਕਰ ਰਹੇ ਹਨ ਜਾਂ ਦੇਰੀ ਨਾਲ ਅਦਾਇਗੀ ਕਰਨ ਦੀਆਂ ਫੀਸਾਂ ਮੁਆਫ ਕਰ ਰਹੇ ਹਨ। ਆਪਣੇ ਪ੍ਰਦਾਤਾ ਦੀ ਵੈਬਸਾਈਟ ਨੂੰ ਵੇਖੋ ਕਿ ਇਸ ‘ਤੇ ਕੀ ਉਪਲਬਧ ਹੈ ਅਤੇ ਇਸ ਤੱਕ ਪਹੁੰਚ ਕਿਵੇਂ ਕੀਤੀ ਜਾ ਸੱਕਦੀ ਹੈ।

## ਆਮ ਪ੍ਰਚੂਨ ਬਾਰੇ ਮੁੱਦੇ

- **ਪੂਰਵ-ਅਦਾਇਗੀ ਸੇਵਾਵਾਂ:** ਕਾਰੋਬਾਰਾਂ ਨੂੰ ਤੁਹਾਡੇ ਪੂਰਵ-ਭੁਗਤਾਨਾਂ ਦੀ ਵੈਧਤਾ ਦਾ ਸਮਾਂ ਵਧਾਉਣਾ ਚਾਹੀਦਾ ਹੈ ਜਿਸ ਸਮੇਂ ਕਾਰੋਬਾਰ ਤੁਹਾਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਮਰਥ ਸਨ।
- **ਨਿਯਮਤ ਗਾਹਕੀ ਅਦਾਇਗੀ:** ਕਾਰੋਬਾਰਾਂ ਨੂੰ ਤੁਹਾਡੇ ਤੋਂ ਭੁਗਤਾਨ ਨਹੀਂ ਲੈਣੇ ਚਾਹੀਦੇ ਜੇ ਉਹ ਕੁੱਝ ਸਮੇਂ ਲਈ ਬੰਦ ਹੋਣ ਕਾਰਨ ਸੇਵਾਵਾਂ ਪ੍ਰਦਾਨ ਕਰਨ ਤੋਂ ਅਸਮਰਥ ਰਹੇ ਹੋਣ।
- **ਗਿਫਟ (ਤੋਹਫੇ) ਕਾਰਡ:** ਕਾਰੋਬਾਰਾਂ ਨੂੰ ਤੋਹਫੇ ਕਾਰਡਾਂ ਦੀ ਮਿਆਦ ਖਤਮ ਹੋਣ ‘ਤੇ ਉਨ੍ਹਾਂ ਦਾ ਸਤਿਕਾਰ ਕਰਦਿਆਂ ਮਿਆਦ ਨੂੰ ਵਧਾਉਣਾ ਚਾਹੀਦਾ ਹੈ ਤਾਂ ਜੋ ਉਸ ਸਮੇਂ ਦੀ ਮਿਆਦ ਨੂੰ ਪੂਰਾ ਕੀਤਾ ਜਾ ਸੱਕੇ ਜਿਸ ਸਮੇਂ ਅੰਤਰਗੱਤ ਉਹ ਕਾਰਡ ਵਰਤਣਾ ਅਸਮਰਥ ਸੀ।
- **ਸਪੁਰਦਗੀ ਵਿੱਚ ਦੇਰੀ:** ਆਸਟਰੇਲੀਆ ਪੋਸਟ ਨੇ ਕਿਹਾ ਹੈ ਕਿ ਅੰਤਰਰਾਸ਼ਟਰੀ ਦੇਰੀ, ਘੱਟ ਘਰੇਲੂ ਉਡਾਣਾ ਅਤੇ ਆਨਲਾਈਨ ਖਰੀਦੇ ਜਾਣ ਵਾਲੇ ਉਤਪਾਦਾਂ ਦੀ ਮਾਤਰਾ ਵਿੱਚ ਵਾਧੇ ਦਾ ਸਪੁਰਦਗੀ ‘ਤੇ ਅਸਰ ਹੋ ਸੱਕਦਾ ਹੈ। ਇਹ ਕਾਰਕ ਕੈਰੀਅਰ ਅਤੇ ਸਪੁਰਦਗੀ ਦੇ ਕਾਰੋਬਾਰਾਂ ਨੂੰ ਵੀ ਪ੍ਰਭਾਵਿਤ ਕਰਨਗੇ। ਕਾਰੋਬਾਰਾਂ ਨੂੰ ਖਰੀਦ ਤੋਂ ਪਹਿਲਾਂ ਅਤੇ ਅਤੇ ਖਰੀਦ ਸਮੇਂ ਗਾਹਕਾਂ ਨੂੰ ਕਿਸੇ ਵੀ ਸੰਭਾਵਤ ਸਪੁਰਦਗੀ ਦੇਰੀ ਬਾਰੇ ਦੱਸ ਦੇਣਾ ਜ਼ਰੂਰੀ ਹੈ, ਅਤੇ ਗਾਹਕਾਂ ਨੂੰ ਸਪੁਰਦਗੀ ਦੇ ਸਮੇਂ ਸਬੰਧੀ ਅਪਡੇਟ ਰੱਖਣਾ ਚਾਹੀਦਾ ਹੈ।
- **ਨੁਕਸਾਨਦਾਰ ਉਤਪਾਦ:** ਜੇ ਕੋਈ ਉਤਪਾਦ ਖਰਾਬ ਹੈ, ਤਾਂ ਤੁਸੀਂ ਮੁਰੰਮਤ, ਬਦਲੀ ਜਾਂ ਰੀਫੰਡ ਦੇ ਹੱਕਦਾਰ ਹੋ। ਵਾਪਸੀ ਲਈ ਉਤਪਾਦ ਦੀ ਵਾਪਸੀ, ਜਾਂ ਉਸ ਨੂੰ ਸਥਿਰ ਕਰਨ ਜਾਂ ਬਦਲਣ ਲਈ ਸਿੱਧੇ ਕਾਰੋਬਾਰ ਨਾਲ ਸੰਪਰਕ ਕਰੋ।
- **ਸੇਵਾਵਾਂ ਵਿੱਚ ਪਦਾਰਥਕ ਤਬਦੀਲੀਆਂ:** ਜਿਥੇ ਪ੍ਰਦਾਨ ਕੀਤੀ ਜਾ ਰਹੀ ਸੇਵਾ ਵਿੱਚ ਪਦਾਰਥਕ ਤਬਦੀਲੀਆਂ ਆਈਆਂ ਹਨ, ਕਾਰੋਬਾਰ ਨੂੰ ਇਹ ਤਬਦੀਲੀਆਂ ਤੁਹਾਨੂੰ ਸਪਸ਼ਟ ਤੌਰ ‘ਤੇ ਦੱਸਣੀਆਂ ਚਾਹੀਦੀਆਂ ਹਨ। ਤੁਸੀਂ ਸੇਵਾ ਨਾਲ ਜੁੜੇ ਰਹਿਣ ਦੀ ਚੋਣ ਕਰ ਸਕਦੇ ਹੋ, ਜਾਂ ਜੇ ਤੁਸੀਂ ਉਸ ਸੇਵਾ ਨਾਲ ਰਹਿਣਾ ਨਹੀਂ ਚਾਹੁੰਦੇ ਅਤੇ ਇਸ ਬਾਰੇ ਤੁਸੀਂ ਉਨ੍ਹਾਂ ਨੂੰ ਇਤਲਾਹ ਦਿੱਤੀ ਹੈ, ਤਾਂ ਕਾਰੋਬਾਰ ਤੁਹਾਡੇ ਕੋਲੋਂ ਬਦਲੀਆਂ ਹੋਈਆਂ ਸੇਵਾਵਾਂ ਲਈ ਵਸੂਲੀ ਨਹੀਂ ਕਰ ਸੱਕਦਾ।
- **ਕਾਰੋਬਾਰ ਦਾ ਦਿਵਾਲਾ:** ਜੇ ਤੁਹਾਡੇ ਕੋਲ ਗਿਫਟ ਕਾਰਡ ਹੈ ਜਾਂ ਸੇਵਾਵਾਂ ਲਈ ਪਹਿਲਾਂ ਤੋਂ ਅਦਾਇਗੀ ਕੀਤੀ ਗਈ ਹੈ, ਤਾਂ ਤੁਸੀਂ ਅਜੇ ਵੀ ਉਤਪਾਦ ਜਾਂ ਸੇਵਾਵਾਂ ਪ੍ਰਾਪਤ ਕਰ ਸੱਕਦੇ ਹੋ ਜੇ ਇਹ ਕਿਸੇ ਬਾਹਰੀ ਪ੍ਰਬੰਧਕ ਦੇ ਨਿਯੰਤਰਣ ਵਿੱਚ ਵਪਾਰ ਕਰਨਾ ਜਾਰੀ ਰੱਖਦਾ ਹੈ। ਕੀ ਅਤੇ ਕਿਵੇਂ ਕਾਰੋਬਾਰ ਖਾਸ ਲੈਣ-ਦੇਣ ਦਾ ਸਨਮਾਨ ਕਰੇਗਾ, ਬਾਹਰੀ ਪ੍ਰਬੰਧਕ ਦੁਆਰਾ ਐਲਾਨ ਕੀਤਾ ਜਾਵੇਗਾ। ਜੇ ਕਾਰੋਬਾਰ ਵਪਾਰ ਬੰਦ ਕਰ ਦਿੰਦਾ ਹੈ, ਤਾਂ ਗਾਹਕ ਆਮ ਤੌਰ ‘ਤੇ ਅਸੁਰੱਖਿਅਤ ਲੈਣਦਾਰ ਬਣ ਜਾਣਗੇ।

ਜੇ ਤੁਸੀਂ ਆਪਣੀਆਂ COVID-19 ਚਿੰਤਾਵਾਂ ਦੇ ਕਾਰਨ ਸੇਵਾ ਨੂੰ ਬੰਦ ਕਰ ਰਹੇ ਹੋ, ਇਸ ਦੀ ਬਜਾਏ ਕਿ ਸੇਵਾ ਪ੍ਰਦਾਤਾ ਦੁਆਰਾ ਰੱਦ ਕੀਤੀ ਜਾਂਦੀ ਹੈ ਜਾਂ ਸਰਕਾਰੀ ਪਾਬੰਦੀਆਂ ਕਾਰਨ ਇਸ ਨੂੰ ਮਨ ਦੀ ਤਬਦੀਲੀ ਮੰਨਿਆ ਜਾ ਸੱਕਦਾ ਹੈ, ਤੁਹਾਨੂੰ ਕਾਰੋਬਾਰ ਨਾਲ ਸਿੱਧੇ ਤੌਰ ‘ਤੇ ਇਸ ਬਾਰੇ ਵਿਚਾਰ ਕਰਨ ਲਈ ਸੰਪਰਕ ਕਰਨਾ ਚਾਹੀਦਾ ਹੈ ਕਿ ਕੀ ਤੁਹਾਨੂੰ ਉਹ ਕੋਈ ਅਦਾਇਗੀ, ਵਪਾਰ ਜਾਂ ਕ੍ਰੈਡਿਟ ਅਗਲੀ ਤਾਰੀਖ ਤੱਕ ਵਰਤਣ ਲਈ ਪੇਸ਼ ਕਰਨਗੇ।

ਵਧੇਰੇ ਜਾਣਕਾਰੀ ACCC website for consumers ਤੋਂ ਮਿਲ ਸੱਕਦੀ ਹੈ।

© Australian Competition and Consumer Commission 2020 under a Creative Commons Attribution 3.0 Australia licence.
ACCC 06/20_1675 www.accc.gov.au